नामांक Roll No.

| | | | | | | |
|---|---|---|---|---|---|---|
| | | | | | | |

No. of Questions – **12**

No. of Printed Pages – **8**

# SS-25-Punjabi Sah. (Supp.)

## पंजाबी साहित्य (PUNJABI SAHITYA)

### उच्च माध्यमिक पूरक परीक्षा, 2020

**समय : 3¼ घण्टे**

**पूर्णांक : 80**

ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

(1) ਸਭ ਤੋਂ ਪਹਿਲਾਂ ਪ੍ਰੀਖਿਆਰਥੀ ਆਪਣੇ ਪ੍ਰਸ਼ਨ–ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੇ ।

(2) ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

(3) ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ–ਪੁਸਤਿਕਾ 'ਤੇ ਹੀ ਲਿਖੋ ।

(4) ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

1. ਸਮਾਂ ਇੱਕ ਮਹਾਨ ਖ਼ਜ਼ਾਨਾ ਹੈ । ਅਮਰੀਕਾ, ਜਪਾਨ ਵਿੱਚ ਮੀਂਹ ਹੋਵੇ, ਹਨੇਰੀ ਹੋਵੇ, ਠੰਢ ਹੋਵੇ, ਗਰਮੀ ਹੋਵੇ, ਅੱਠ ਘੰਟੇ ਹਰ ਕੋਈ ਡਟ ਕੇ ਕੰਮ ਕਰਦਾ ਹੈ । ਦਫ਼ਤਰਾਂ ਵਿੱਚ, ਖੇਤਾਂ ਵਿੱਚ, ਕਾਰਖਾਨਿਆਂ ਵਿੱਚ, ਵਿਸ਼ੇਸ਼ ਛੁੱਟੀਆਂ ਸਾਲ ਵਿੱਚ ਮਸਾਂ ਚਾਰ-ਪੰਜ ਹੁੰਦੀਆਂ ਹਨ । ਸਾਡੇ ਦੇਸ਼ ਵਿੱਚ ਕਿੰਨੀਆਂ ਹੀ ਛੁੱਟੀਆਂ, ਕਿੰਨੇ ਥੋੜ੍ਹੇ ਘੰਟੇ ਕੰਮ, ਕਿੰਨਾ ਬੇ-ਦਿਲਾ ਕੰਮ ਤੇ ਫੇਰ ਸਵੇਰ-ਸ਼ਾਮ ਮੰਦਿਰਾਂ, ਗੁਰਦੁਆਰਿਆਂ ਵਿੱਚ ਭੀੜਾਂ, ਸਾਧੂਆਂ ਦੀ ਨਿਤ ਫੇਰੀ, ਮਰਨੇ, ਜੰਮਣੇ ਤੇ ਵਿਆਹ, ਕਿਸੇ ਹੋਰ ਦੇਸ਼ ਵਿੱਚ ਇਨ੍ਹਾਂ ਗੱਲਾਂ ਉੱਤੇ ਸਮਾਂ ਬਰਬਾਦ ਨਹੀਂ ਕੀਤਾ ਜਾਂਦਾ । ਲਾਊਡ ਸਪੀਕਰਾਂ ਉੱਤੇ ਦਿਨ-ਰਾਤ ਧਰਮ ਨਹੀਂ, ਵਹਿਮ-ਭਰਮ ਪ੍ਰਚਾਰੇ ਜਾਂਦੇ ਹਨ । ਹੋਰਨਾਂ ਦੇਸ਼ਾਂ ਵਿੱਚ ਭਾਵੇਂ ਕਿੰਨੀ ਬਰਫ਼ ਜੰਮੀ ਹੋਵੇ, ਕਾਮੇ ਪੂਰੇ ਅੱਠ ਵਜੇ ਆਪਣੇ ਕੰਮ ਉੱਤੇ ਪਹੁੰਚ ਰਹੇ ਹਨ । ਬਾਰਾਂ ਵਜੇ ਤੱਕ ਡਟ ਕੇ ਕੰਮ ਕੀਤਾ ਜਾਂਦਾ ਹੈ । ਇੱਕ ਘੰਟਾ ਵਿਚਕਾਰ ਖਾਣਾ ਖਾ ਕੇ ਫਿਰ ਪੰਜ ਵਜੇ ਤੱਕ ਅਣਥੱਕ ਮਿਹਨਤ ਹੁੰਦੀ ਹੈ । ਇਹੀ ਕਾਰਨ ਹੈ ਕਿ ਉਨ੍ਹਾਂ ਦੀ ਪੈਦਾਵਾਰ ਸਾਡੇ ਨਾਲੋਂ ਕਵੀ ਗੁਣਾ ਵਧੇਰੇ ਹੁੰਦੀ ਹੈ । ਮੁੱਕਦੀ ਗੱਲ ਇਹ ਹੈ ਕਿ ਸਮੇਂ ਦੀ ਕਦਰ ਕਰਨੀ ਅਮਰੀਕਾ, ਜਪਾਨ ਵਰਗੇ ਦੇਸ਼ਾਂ ਤੋਂ ਸਿਖਣੀ ਚਾਹੀਦੀ ਹੈ । **(5 × 2 = 10)**

(ੳ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ ।

(ਅ) ਅਮਰੀਕਾ, ਜਪਾਨ ਵਿੱਚ ਲੋਕ ਕਿੰਨੇ ਘੰਟੇ ਤੇ ਕਿਸ ਤਰ੍ਹਾਂ ਕੰਮ ਕਰਦੇ ਹਨ ?

(ੲ) ਪੈਰ੍ਹੇ ਅਨੁਸਾਰ ਸਾਡੇ ਦੇਸ਼ ਦੇ ਲੋਕ ਲਾਊਡ ਸਪੀਕਰਾਂ ਦੀ ਵਰਤੋਂ ਕਿਵੇਂ ਕਰਦੇ ਹਨ ?

(ਸ) ਵਿਦੇਸ਼ਾਂ ਵਿੱਚ ਸਾਲ ਵਿੱਚ ਕਿੰਨੀਆਂ-ਕੁ ਛੁੱਟੀਆਂ ਹੁੰਦੀਆਂ ਹਨ ?

(ਹ) ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ :

ਅਣਥੱਕ, ਬੇ-ਦਿਲਾ, ਖ਼ਜ਼ਾਨਾ, ਡਟ ਕੇ ।

2. ਹੇਠ ਦਿੱਤੇ ਕਿਸੇ **ਇੱਕ** ਵਿਸ਼ੇ ਉੱਪਰ ਲੇਖ ਲਿਖੋ : **(8)**

(ੳ) ਸ਼ਹੀਦ ਭਗਤ ਸਿੰਘ

(ਅ) ਮਨਿ ਜੀਤੈ ਜਗੁ ਜੀਤ

(ੲ) ਭ੍ਰਿਸ਼ਟਾਚਾਰ – ਇੱਕ ਸਮੱਸਿਆ

(ਸ) ਮੋਬਾਇਲ ਫ਼ੋਨ-ਲਾਭ ਤੇ ਹਾਨੀਆਂ

3. ਕਿਸੇ **ਇੱਕ** ਵਿਸ਼ੇ ਉੱਪਰ ਕਹਾਣੀ ਰਚਨਾ ਕਰੋ : **(4)**

(ੳ) ਹੰਕਾਰ ਨੂੰ ਮਾਰ

(ਅ) ਬੇਈਮਾਨੀ ਦਾ ਫ਼ਲ

(ੲ) ਚਲਾਕ ਲੂੰਬੜੀ

(ਸ) ਕਰ ਭਲਾ ਹੋ ਭਲਾ

4. (ੳ) ਹੇਠ ਲਿਖੇ ਅਖਾਣਾਂ ਵਿੱਚੋਂ ਕਿਸੇ **ਦੋ (2)** ਅਖਾਣਾਂ ਦੇ ਅਰਥ ਦੱਸ ਕੇ ਵਾਕ ਬਣਾਉ : **(1 + 1 = 2)**

(i) ਉੱਦਮ ਅੱਗੇ ਲੱਛਮੀ,ਪੱਖੇ ਅੱਗੇ ਪੌਣ

(ii) ਇੱਕ ਪੰਥ, ਦੋ ਕਾਜ

(iii) ਕੋਹ ਨਾ ਚੱਲੀ, ਬਾਬਾ ਤਿਹਾਈ

(iv) ਘਰ ਦਾ ਜੋਗੀ ਜੋਗੜਾ, ਬਾਹਰ ਦਾ ਜੋਗੀ ਸਿੱਧ

(ਅ) ਕਿਸੇ **ਦੋ (2)** ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਉ : **(1 + 1 = 2)**

(i) ਅੱਖਾਂ 'ਤੇ ਬਿਠਾਉਣਾ

(ii) ਕੰਨਾਂ 'ਤੇ ਜੂੰ ਨਾ ਸਰਕਣੀ

(iii) ਜਾਨ ਦੀ ਬਾਜ਼ੀ ਲਾਉਣਾ

(iv) ਲਕੀਰ ਦਾ ਫ਼ਕੀਰ ਹੋਣਾ

(ੲ) ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋ : **(1 + 1 + 1 = 3)**

(i) ਚਿੱਟਾ ਲਹੂ ਨਾਨਕ ਸਿੰਘ ਦਾ ਪ੍ਰਸਿੱਧ ਨਾਵਲ ਹੈ ।

(ii) ਰਾਜਾ ਬਾਗ਼ ਵਿੱਚ ਪਹੁੰਚਿਆ ਤਾਂ ਵੇਖਿਆ ਮਾਲੀ ਫ਼ੁੱਲ-ਬੂਟਿਆਂ ਨੂੰ ਪਾਣੀ ਦੇ ਰਿਹਾ ਸੀ

(iii) ਬੱਚੇ ਸਕੂਲ ਜਾ ਰਹੇ ਸਨ ਜੀਤੀ ਦੇ ਮਨ ਵਿੱਚ ਆਇਆ, ਕਾਸ਼ ਉਹ ਵੀ ਸਕੂਲ ਜਾ ਸਕਦੀ ।

5. ਵਾਕ ਬੋਧ : **(1 + 1 + 1 + 1 + 1 + 1 = 6)**

(i) ਵਾਪੂ ਅਖ਼ਬਾਰ ਪੜ੍ਹਦਾ ਹੈ । (ਵਾਕ ਵਿੱਚੋਂ ਉਦੇਸ਼ ਚੁਣੋ)

(ii) ਮੁੰਡੇ ਹਾਕੀ ਖੇਡ ਰਹੇ ਹਨ । (ਵਾਕ ਵਿੱਚੋਂ ਵਿਧੇਅ ਚੁਣੋ)

(iii) ਜੇ ਤੁਸੀਂ ਮਿਹਨਤ ਕਰੋਗੇ ਤਾਂ ਪਾਸ ਹੋ ਜਾਓਗੇ । (ਵਾਕ ਬਣਤਰ ਦੇ ਅਧਾਰ ਤੇ ਵਾਕ ਦੀ ਕਿਸਮ ਦੱਸੋ)

(iv) ਤੁਹਾਡੇਪਿਤਾ ਜੀ ਦਾ ਨਾਂ ਕੀ ਹੈ ? (ਕਾਰਜ ਦੇ ਅਧਾਰ ਤੇ ਵਾਕ ਦੀ ਕਿਸਮ ਦੱਸੋ)

(v) ਕੁੜੀ ਕਿਤਾਬ ਪੜ੍ਹ ਰਹੀ ਹੈ । (ਵਾਕ ਵਿੱਚੋਂ ਕਰਮ ਚੁਣੋ)

(vi) ਮਨਿੰਦਰ ਡਾਕਟਰ ਬਣ ਗਿਆ ਹੈ । (ਵਾਕ ਵਿੱਚੋਂ ਕਿਰਿਆ ਚੁਣੋ)

6. ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ ਇੱਕ ਨਾਲ ਸੰਬੰਧਿਤ ਪ੍ਰਸ਼ਨਾਂ ਦੇ ਉੱਤਰ ਲਿਖੋ : **(4 × 2½ = 10)**

(ੳ) ਇਕ ਦਿਨ ਏ ਕਚਕੌਲ ਲੈ ਗਿਆ, ਮੁਰਸ਼ਦ ਮੂਹਰੇ ਧਰਿਆ, 'ਜੂਠ ਜੂਠ' ਕਰ ਉਸ ਉਲਟਾਇਆ, ਖਾਲੀ ਸਾਰਾ ਕਰਿਆ, ਮਲ ਮਲ ਕੇ ਫਿਰ ਧੋਤਾ ਇਸ ਨੂੰ, ਮੈਲ ਇਲਮ ਦੀ ਲਾਹੀ, ਦੇਖੋ, ਇਹ ਕਚਕੌਲ ਲਿਸ਼ਕਿਆ, ਕੰਵਲ ਵਾਂਙ ਫਿਰ ਖਿੜਿਆ ।

(i) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।

(ii) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ ।

(iii) ਕਵੀ ਅਨੁਸਾਰ ਕਚਕੌਲ ਕਿਸ ਦੇ ਮੂਹਰੇ ਧਰਿਆ ਗਿਆ ?

(iv) ਔਖੇ ਸ਼ਬਦਾਂ ਦੇ ਅਰਥ ਦੱਸੋ :

ਮੁਰਸ਼ਦ, ਇਲਮ, ਕਚਕੌਲ, ਮੂਹਰੇ, ਲਿਸ਼ਕਿਆ ।

ਜਾਂ

(ਅ) ਨਾ ਸ਼ਬਨਮ, ਨਾ ਖ਼ੁਸ਼ਬੂ, ਨਾ ਤਾਜ਼ਾ ਹਵਾ ਹੈ

ਇਹ ਕੈਸੇ ਗਰਾਂ ਨੇ, ਇਹ ਕੈਸੇ ਨਗਰ ਨੇ ।

ਕਿਤਾਬਾਂ ਦੀ ਦੁਨੀਆਂ ਤੋਂ, ਰੱਖਦੇ ਜੋ ਦੂਰੀ,

ਉਹ ਕਿੱਦਾਂ ਨੇ ਜਿਉਂਦੇ, ਉਹ ਕੈਸੇ ਬਸ਼ਰ ਨੇ ।

(i) ਉਪਰੋਕਤ ਕਾਵਿ–ਬੰਦ ਦਾ ਪ੍ਰਸੰਗ ਲਿਖੋ ।

(ii) ਉਪਰੋਕਤ ਕਾਵਿ–ਬੰਦ ਦੀ ਸਰਲ–ਵਿਆਖਿਆ ਕਰੋ ।

(iii) ਕਵੀ ਪਿੰਡਾਂ ਅਤੇ ਨਗਰਾਂ ਵਿੱਚ ਆ ਰਹੀ ਕਿਹੜੀ ਘਾਟ ਵੱਲ ਇਸ਼ਾਰਾ ਕਰ ਰਿਹਾ ਹੈ ?

(iv) ਔਖੇ ਸ਼ਬਦਾਂ ਦੇ ਅਰਥ ਲਿਖੋ :

ਸ਼ਬਨਮ, ਖ਼ੁਸ਼ਬੂ, ਗਰਾਂ, ਬਸ਼ਰ, ਦੁਨੀਆਂ ।

7. (ੳ) 'ਗਰੀਬ ਕਿਰਸਾਣ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ । **(6)**

**ਜਾਂ**

'ਚੰਗਾ ਹੁੰਦਾ ਹੈ ਉਦਾਸ ਹੋਣਾ' ਕਵਿਤਾ ਦਾ ਸਾਰ ਲਿਖੋ ।

(ਅ) 'ਮੈਂ ਪੰਜਾਬੀ' ਕਵਿਤਾ ਵਿੱਚ ਆਏ ਭਾਵਾਂ ਦਾ ਬਿਆਨ ਕਰੋ । **(4)**

**ਜਾਂ**

'ਚੂੜੀਆਂ ਦਾ ਹੋਕਾ' ਕਵਿਤਾ ਦਾ ਕੇਂਦਰੀ ਭਾਵ ਲਿਖੋ ।

8. ਹੇਠ ਲਿਖਿਆਂ ਵਿੱਚੋਂ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋ : **(5 × 1 = 5)**

(ੳ) ਮੈਨੂੰ ਜਾਣਨੈ ? ਕਹਾਣੀ ਕਿਸ ਕਹਾਣੀਕਾਰ ਦੀ ਲਿਖੀ ਹੋਈ ਹੈ ?

(ਅ) ਮਦਨ ਦੇ ਮੁੰਡੇ ਦੀ ਮੌਤ ਕਿਵੇਂ ਹੁੰਦੀ ਹੈ ?

(ੲ) ਮੱਝ ਦੀ ਧਾਰ ਕੱਢ ਰਹੇ ਘੁੱਦੂ ਨੂੰ ਬਚਨੋਂ ਕੀ ਮਸ਼ਵਰਾ ਦਿੰਦੀ ਹੈ ?

(ਸ) "ਕਚਹਿਰੀ ਵਿੱਚ ਤਾਂ ਕੰਧਾਂ ਵੀ ਪੈਸੇ ਮੰਗਦੀਆਂ ਹਨ ?" 'ਸੱਚ ਵੀ ਮੁਥਾਜ ਹੈ' ਕਹਾਣੀ ਦੇ ਅਧਾਰ ਤੇ ਦਲੀਲ ਸਹਿਤ ਸਮਝਾਉ ।

(ਹ) 'ਗੁੱਡ ਡੀਅਲ' ਕਹਾਣੀ ਸਾਨੂੰ ਕੀ ਸੁਨੇਹਾ ਦਿੰਦੀ ਹੈ ?

(ਕ) ਜੈਮਲ ਸਿਓਂ ਨੂੰ ਮਿਲਣ ਆਈ ਧੀ ਰੁਪਿੰਦਰ ਬਾਰੇ ਉਹ ਕੀ-ਕੀ ਸੋਚਾਂ ਸੋਚ ਕੇ ਦੁਖੀ ਹੋ ਰਿਹਾ ਸੀ ?

(ਖ) 'ਸ਼ਹੀਦ ਦੀ ਮਾਂ' ਕਹਾਣੀ ਦੇ ਰਚਨਾਕਾਰ ਦਾ ਨਾਂ ਦੱਸੋ ।

(ਗ) "ਭਲਾ ਹੋਇਆ ਮੇਰਾ ਚਰਖਾ ਟੁੱਟਾ, ਜ਼ਿੰਦ ਅਜ਼ਾਬੋਂ ਛੁੱਟੀ ।" ਇਹ ਸ਼ਬਦ 'ਭੂਆ' ਕਹਾਣੀ ਦਾ ਮੈਂ-ਪਾਤਰ ਕਿਉਂ ਵਰਤਦਾ ਹੈ ?

9. 'ਆਤੂ ਖੋਜੀ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ । **(5)**

**ਜਾਂ**

'ਕੋਈ ਇੱਕ ਸਵਾਰ' ਕਹਾਣੀ ਦੇ ਮੁੱਖ-ਪਾਤਰ ਬਾਰੂ ਦੀ ਪਾਤਰ-ਉਸਾਰੀ ਆਪਣੇ ਸ਼ਬਦਾਂ ਵਿੱਚ ਕਰੋ ।

10. ਹੇਠਾਂ ਦਿੱਤੇ ਕਿਸੇ **ਇੱਕ** ਸਾਹਿਤ ਰੂਪ ਦਾ ਅਰਥ, ਪਰਿਭਾਸ਼ਾ ਅਤੇ ਤੱਤਾਂ ਦਾ ਬਿਆਨ ਕਰੋ : **(6)**

(ੳ) ਗ਼ਜ਼ਲ

(ਅ) ਨਿੱਕੀ ਕਹਾਣੀ

(ੲ) ਇਕਾਂਗੀ

11. ਹਾਸ ਰਸ ਜ਼ਾਂ ਕਰੁਣਾ ਰਸ ਦਾ ਸਥਾਈ ਭਾਵ ਦੱਸਦੇ ਹੋਏ ਉਦਾਹਰਨ ਲਿਖੋ । **(2)**

12. ਹੇਠ ਲਿਖੇ ਸਾਹਿਤ-ਰੂਪਾਂ ਵਿੱਚੋਂ ਕਿਸੇ **ਇੱਕ** ਦਾ ਸੰਖੇਪ ਇਤਿਹਾਸ ਲਿਖੋ : **(7)**

(ੳ) ਆਧੁਨਿਕ ਪੰਜਾਬੀ ਕਵਿਤਾ

(ਅ) ਪੰਜਾਬੀ ਜੀਵਨੀ

(ੲ) ਪੰਜਾਬੀ ਨਾਵਲ

---